# ਦਿ ਡਰਾਈਵ



ਮਾਰਚ 2026 ਅੰਕ 32

## ਇਸ ਐਡੀਸ਼ਨ ਵਿੱਚ

ਜਿਵੇਂ ਕਿ ਅਸੀ 2026 ਵਿੱਚ ਅੱਗੇ ਵਧ ਰਹੇ ਹਾਂ, ਮੈਂ ਸਾਰੇ ਸਟੇਕਹੋਲਡਰਾਂ ਦਾ ਉਹਨਾਂ ਦੀ ਨਿਰੰਤਰ ਸ਼ਮੂਲੀਅਤ ਅਤੇ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਮਾਰਚ ਵਿੱਚ, ਓ ਬੀ ਸੀ ਸੀ ਟੀ ਸੀ ਨੇ ਇਸ ਸਾਲ ਦੀਆਂ ਮੁੱਖ ਤਬਦੀਲੀਆਂ ਬਾਰੇ ਚਰਚਾ ਕਰਨ ਲਈ ਇੰਡਸਟਰੀ ਐਡਵਾਈਜ਼ਰੀ ਕਮੇਟੀ ਨਾਲ ਮੁਲਾਕਾਤ ਕੀਤੀ। ਇਹ ਗੱਲਬਾਤ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਸਾਡਾ ਨਿਯਮਕ ਢਾਂਚਾ ਇੱਕ ਸਥਿਰ ਅਤੇ ਜਵਾਬਦੇਹ ਡਰੇਅਜ ਪ੍ਰਣਾਲੀ ਦਾ ਸਮਰਥਨ ਕਰਨਾ ਜਾਰੀ ਰੱਖੇ, ਜੋ ਇਸ 'ਤੇ ਨਿਰਭਰ ਕਰਨ ਵਾਲੇ ਹਰੇਕ ਵਿਅਕਤੀ ਲਈ ਲਾਭਦਾਇਕ ਹੋਵੇ।

2026 ਦੇ ਨਿਯੰਤਰਿਤ ਰੇਟਾਂ ਵਿੱਚ 2.1% ਦਾ ਵਾਧਾ ਕੀਤਾ ਗਿਆ ਹੈ, ਜੋ ਕਿ 2023 ਵਿੱਚ ਓ ਬੀ ਸੀ ਸੀ ਟੀ ਸੀ ਦੁਆਰਾ ਸਥਾਪਿਤ ਕੀਤੀ ਗਈ ਬੀ ਸੀ ਕੰਜ਼ਿਊਮਰ ਪ੍ਰਾਈਸ ਇੰਡੈਕਸ ਨਾਲ ਜੁੜੇ ਸਾਲਾਨਾ ਵੱਧਿਆਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਨਵੇਂ ਰੇਟ 1 ਜੁਲਾਈ, 2026 ਤੋਂ ਲਾਗੂ ਹੋਣਗੇ ਅਤੇ ਲੋਅਰ ਮੇਨਲੈਂਡ ਵਿੱਚ ਸੀ ਟੀ ਐੱਸ ਲਾਈਸੈਂਸੀਸ ਲਈ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਾਰੇ ਡਰਾਈਵਰਾਂ 'ਤੇ ਲਾਗੂ ਹੋਣਗੇ। ਇਸ ਇੰਡਸਟਰੀ ਐਡਵਾਈਜ਼ਰੀ ਨੂੰ ਜਲਦੀ ਪ੍ਰਕਾਸ਼ਿਤ ਕਰਕੇ, ਓ ਬੀ ਸੀ ਸੀ ਟੀ ਸੀ ਨੇ ਇਹ ਯਕੀਨੀ ਬਣਾਇਆ ਹੈ ਕਿ ਲਾਈਸੈਂਸੀਸ ਕੋਲ ਲੋੜੀਂਦਾ ਤਬਦੀਲੀਆਂ ਦੀ ਤਿਆਰੀ ਲਈ ਕਾਫ਼ੀ ਸਮਾਂ ਹੋਵੇ।

ਜਨਵਰੀ ਵਿੱਚ ਓ ਬੀ ਸੀ ਸੀ ਟੀ ਸੀ ਨੇ ਸੀ ਟੀ ਐੱਸ ਲਾਈਸੈਂਸ ਵਿੱਚ ਪ੍ਰਸਤਾਵਿਤ ਤਬਦੀਲੀਆਂ ਜਾਰੀ ਕੀਤੀਆਂ ਅਤੇ ਸਟੇਕਹੋਲਡਰਾਂ ਨੂੰ ਦੋ ਪੜਾਵਾਂ ਵਿੱਚ ਆਪਣੇ ਸੁਝਾਅ ਪੇਸ਼ ਕਰਨ ਲਈ ਸੱਦਾ ਦਿੱਤਾ। ਸਾਰੀਆਂ ਸਬਮਿਸ਼ਨਸ ਸਾਡੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ, ਅਤੇ ਹੁਣ ਇੱਕ ਵਿਆਪਕ ਕੌਂਸਲਟੇਸ਼ਨ ਰਿਪੋਰਟ ਉਪਲਬਧ ਹੈ। ਇਹ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਸਟੇਕਹੋਲਡਰਾਂ ਨੂੰ ਉਹਨਾਂ ਦੇ ਕਾਰਜਾਂ ਨੂੰ ਨਿਯੰਤਰਿਤ ਕਰਨ ਵਾਲੀਆਂ ਨਿਯਮਕ ਲੋੜਾਂ ਨੂੰ ਆਕਾਰ ਦੇਣ ਵਿੱਚ ਯੋਗਦਾਨ ਪਾਉਣ ਦਾ ਮੌਕਾ ਮਿਲੇ।

ਓ ਬੀ ਸੀ ਸੀ ਟੀ ਸੀ ਨੇ ਡਰਾਈਵਰਾਂ ਦੇ ਗਲਤ ਵਰਗੀਕਰਨ ਨੂੰ ਲਗਾਤਾਰ ਸੰਬਧਿਆ ਹੈ ਅਤੇ ਸੁਧਾਰਾਤਮਕ ਕਾਰਵਾਈ ਕੀਤੀ ਹੈ। ਉਹ ਲਾਈਸੈਂਸੀ ਜੋ ਕਿ ਇੰਡਿਪੈਂਡੈਂਟ ਓਪਰੇਟਰ (ਆਈ/ਓ) ਟੈਗ ਰੱਖਦੇ ਹਨ ਪਰ ਉਹਨਾਂ 'ਤੇ ਇੰਡੀਰੇਕਟਲੀ ਐਮਪਲੋਏਡ ਓਪਰੇਟਰ (ਆਈ ਈ ਓ) ਦੀ ਵਰਤੋਂ ਕਰਦੇ ਹਨ, ਉਹਨਾਂ ਦੇ ਸਪਾਂਸਰਸ਼ਿਪ ਐਗਰੀਮੈਂਟ ਰੱਦ ਕਰ ਦਿੱਤੇ ਗਏ ਹਨ। ਇਹ ਇਸ ਲਈ ਕੀਤਾ ਗਿਆ ਹੈ ਤਾਂ ਜੋ ਸਰਗਰਮ ਆਈ/ਓ (ਉਹ ਆਈ/ਓ ਜੋ ਜ਼ਿਆਦਾਤਰ ਸਮਾਂ ਖੁਦ ਆਪਣਾ ਟਰੱਕ ਚਲਾਉਂਦੇ ਹਨ) ਨੂੰ ਕੰਮ ਕਰਨ ਦਾ ਨਿਰਪੱਖ ਮੌਕਾ ਦਿੱਤਾ ਜਾ ਸਕੇ।

2026 ਸੀ ਟੀ ਐੱਸ ਐਪਲੀਕੇਸ਼ਨ ਪੈਕੇਜ ਜਲਦੀ ਹੀ ਉਪਲਬਧ ਹੋਵੇਗਾ, ਅਤੇ ਮੈਂ ਅਰਜ਼ੀਆਂ ਦੀ ਸਮੀਖਿਆ ਕਰਨ ਦੀ ਉਡੀਕ ਕਰ ਰਿਹਾ ਹਾਂ।

ਸੱਚੇ ਦਿਲੋਂ,
ਗਲੈੱਨ ਮੈਕਇੰਨਸ
ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਅਜ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
obcctc.ca/confidence-line

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## 2026 ਰੇਟਾਂ ਵਿੱਚ ਵਾਧਾ

2023 ਵਿੱਚ, ਓ ਬੀ ਸੀ ਸੀ ਟੀ ਸੀ ਨੇ ਸਲਾਹ-ਮਸ਼ਵਰੇ ਤੋਂ ਬਾਅਦ ਇਹ ਨਿਰਧਾਰਤ ਕੀਤਾ ਸੀ ਕਿ ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀ ਪੀ ਆਈ) ਨਾਲ ਜੁੜੇ ਸਾਲਾਨਾ ਰੇਟਾਂ ਦੇ ਵਾਧੇ ਡਰਾਈਵਰਾਂ ਲਈ ਸਥਿਰਤਾ ਅਤੇ ਭਰੋਸੇਯੋਗਤਾ ਅਤੇ ਕੰਪਨੀਆਂ ਲਈ ਭਵਿੱਖਬਾਣੀ ਪ੍ਰਦਾਨ ਕਰਨਗੇ। 2025 ਵਿੱਚ, ਓ ਬੀ ਸੀ ਸੀ ਟੀ ਸੀ ਨੇ ਉਦਯੋਗ ਦੇ ਨਾਲ ਨਿਯੰਤਰਿਤ ਰੇਟਾਂ ਦੀ ਸਮੀਖਿਆ ਕੀਤੀ ਅਤੇ ਭਵਿੱਖ ਦੇ ਸਾਲਾਨਾ ਘੱਟੋ-ਘੱਟ ਨਿਯੰਤਰਿਤ ਰੇਟਾਂ ਦੇ ਵਾਧੇ ਨੂੰ ਸੀ ਪੀ ਆਈ ਨਾਲ ਜੋੜਨ ਦੀ ਵਚਨਬੱਧਤਾ ਜਤਾਈ।

ਓ ਬੀ ਸੀ ਸੀ ਟੀ ਸੀ ਨੇ 1 ਜੁਲਾਈ, 2024 ਨੂੰ ਘੱਟੋ-ਘੱਟ ਨਿਯੰਤਰਿਤ ਰੇਟਾਂ ਨੂੰ ਵਧਾਉਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕੀਤਾ ਹੈ। 2025 ਬੀ ਸੀ ਕੰਜ਼ਿਊਮਰ ਪ੍ਰਾਈਸ ਇੰਡੈਕਸ ਵਿੱਚ ਔਸਤ ਸਾਲਾਨਾ ਵਾਧੇ ਦੇ ਅਧਾਰ 'ਤੇ, 2026 ਦੇ ਰੇਟਾਂ ਵਿੱਚ 2.1% ਦਾ ਵਾਧਾ ਕੀਤਾ ਗਿਆ ਹੈ। ਇੰਡਸਟਰੀ ਐਡਵਾਈਸਰੀ ਨੂੰ ਸਮਾਂ ਰਹਿੰਦੇ ਪ੍ਰਕਾਸ਼ਿਤ ਕੀਤਾ ਗਿਆ ਹੈ ਤਾਂ ਜੋ ਲਾਈਸੈਂਸੀਸ ਨੂੰ ਲੋੜੀਂਦੀ ਰੇਟ ਵਧਾਉਣ ਦੀ ਤਬਦੀਲੀ ਨੂੰ ਲਾਗੂ ਕਰਨ ਲਈ ਉਚਿਤ ਨੋਟਿਸ ਮਿਲ ਸਕੇ। ਨਵੇਂ ਰੇਟ 1 ਜੁਲਾਈ, 2026 ਤੋਂ ਲਾਗੂ ਹੋਣਗੇ ਅਤੇ ਲੋਅਰ ਮੇਨਲੈਂਡ ਵਿੱਚ ਸੀ ਟੀ ਐੱਸ ਲਾਈਸੈਂਸੀਸ ਲਈ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਾਰੇ ਡਰਾਈਵਰਾਂ 'ਤੇ ਲਾਗੂ ਹੋਣਗੇ।


ਇੱਥੇ ਇੰਡਸਟਰੀ ਐਡਵਾਈਜ਼ਰੀ ਪੜ੍ਹੋ

## 2026 ਸੀ ਟੀ ਐੱਸ ਲਾਈਸੈਂਸ

ਓ ਬੀ ਸੀ ਸੀ ਟੀ ਸੀ ਨੇ ਆਉਣ ਵਾਲੇ 2026 ਸੀ ਟੀ ਐੱਸ ਲਾਈਸੈਂਸ ਵਿੱਚ ਪ੍ਰਸਤਾਵਿਤ ਤਬਦੀਲੀਆਂ ਜਾਰੀ ਕੀਤੀਆਂ। 15 ਜਨਵਰੀ, 2026 ਨੂੰ ਇੱਕ ਬੁਲੇਟਿਨ ਜਾਰੀ ਕੀਤਾ ਗਿਆ, ਜਿਸ ਵਿੱਚ ਸਟੇਕਹੋਲਡਰਾਂ ਨੂੰ ਆਪਣੇ ਸੁਝਾਅ ਪੇਸ਼ ਕਰਨ ਅਤੇ ਫ਼ੀਡਬੈਕ ਦੇਣ ਲਈ ਸੱਦਾ ਦਿੱਤਾ ਗਿਆ ਸੀ। ਓ ਬੀ ਸੀ ਸੀ ਟੀ ਸੀ ਨੇ ਦੋ ਪੜਾਵਾਂ ਵਿੱਚ ਸੁਝਾਅ ਮੰਗੇ ਅਤੇ ਪ੍ਰਾਪਤ ਹੋਈਆਂ ਸਾਰੀਆਂ ਸਬਮਿਸ਼ਨਸ ਓ ਬੀ ਸੀ ਸੀ ਟੀ ਸੀ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਇਹਨਾਂ ਸਬਮਿਸ਼ਨਸ ਦੀ ਹੁਣ ਡੂੰਘਾਈ ਨਾਲ ਸਮੀਖਿਆ ਕੀਤੀ ਜਾ ਚੁੱਕੀ ਹੈ, ਅਤੇ ਇੱਕ ਕੌਂਸਲਟੇਸ਼ਨ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਹੈ।

ਇੱਥੇ 2026 ਸੀ ਟੀ ਐੱਸ ਲਾਈਸੈਂਸ ਕੌਂਸਲਟੇਸ਼ਨ ਰਿਪੋਰਟ ਪੜ੍ਹੋ

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ





# ਤਾਜ਼ਾ ਫ਼ੈਸਲੇ

### ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 1/2026) – 7,000.00 ਡਾਲਰ ਜੁਰਮਾਨਾ

ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਿਟਿਡ ਨੂੰ 1 ਅਤੇ 7 ਦਸੰਬਰ, 2025 ਨੂੰ ਬਿਨਾਂ ਟੈਗ ਵਾਲੇ ਟਰੱਕਾਂ ਨਾਲ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਅਤੇ ਗੈਰ-ਸਪਾਂਸਰਡ ਆਈ/ ਓ ਦੀ ਵਰਤੋਂ ਕਰਕੇ ਆਪਣੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ। ਨਤੀਜੇ ਵਜੋਂ ਉਹਨਾਂ ਨੂੰ 7,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਇੰਟਰਮੋਡੈਕਸ ਲੌਜਿਸਟਿਕਸ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 38/2025) – 5,000.00 ਡਾਲਰ ਜੁਰਮਾਨਾ

ਇੰਟਰਮੋਡੈਕਸ ਲੌਜਿਸਟਿਕਸ ਲਿਮਿਟਿਡ ਨੂੰ ਵੱਖ-ਵੱਖ ਥਾਂਵਾਂ ਵਿਚਕਾਰ 100 ਤੋਂ ਵੱਧ ਕੰਟੇਨਰਾਂ ਦੀ ਢੋਆ-ਢੁਆਈ ਲਈ ਜਨਤਕ ਸੜਕਾਂ 'ਤੇ ਬਿਨਾਂ ਟੈਗ ਵਾਲੇ "ਸ਼ੰਟ ਟਰੱਕਾਂ" ਦੀ ਵਰਤੋਂ ਕਰਦੇ ਪਾਇਆ ਗਿਆ। ਇਹ ਵੀ ਪਾਇਆ ਗਿਆ ਕਿ ਉਹ ਨਿਯੰਤਰਿਤ ਰੇਟਾਂ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਹੇ ਅਤੇ ਇਹਨਾਂ ਗਤੀਵਿਧੀਆਂ ਲਈ ਉਹਨਾਂ ਨੇ ਲੋੜੀਂਦੀ ਇਲੈਕਟ੍ਰਾਨਿਕ ਰਿਕਾਰਡਿੰਗ ਟੈਕਨਾਲੋਜੀ ਵੀ ਨਹੀਂ ਰੱਖੀ। ਨਤੀਜੇ ਵਜੋਂ ਉਹਨਾਂ ਨੂੰ 5,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਕੈਨੇਡਾ ਡਰੇਅਜ ਇੰਕ. (ਸੀ ਟੀ ਸੀ ਫ਼ੈਸਲਾ ਨੰ. 37/2025) [ਰੀਕਨਸਿਡਰੇਸ਼ਨ]

ਕਮਿਸ਼ਨਰ ਨੇ ਸੀ ਡੀ ਆਈ ਦੀ ਪੁਨਰ ਵਿਚਾਰ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਅਤੇ 10,000.00 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਨੂੰ ਕਾਇਮ ਰੱਖਿਆ। ਸੀ ਡੀ ਆਈ ਦੇ ਸੀ ਟੀ ਐੱਸ ਲਾਈਸੈਂਸ ਨੂੰ ਛੇ ਮਹੀਨਿਆਂ ਦੀ ਮਿਆਦ ਲਈ ਜਾਂ ਜਦੋਂ ਤੱਕ ਉਹ ਲੋੜੀਂਦੇ ਰਿਕਾਰਡ ਪ੍ਰਦਾਨ ਨਹੀਂ ਕਰ ਦਿੰਦੇ (ਜੋ ਵੀ ਪਹਿਲਾਂ ਹੋਵੇ) ਮੁਅੱਤਲ ਕਰਨ ਦੀ ਪੁਸ਼ਟੀ ਕੀਤੀ ਗਈ।

### ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 36/2025) [ਰੀਕਨਸਿਡਰੇਸ਼ਨ]

ਇਸ ਪੁਨਰ ਵਿਚਾਰ ਵਿੱਚ ਕਮਿਸ਼ਨਰ ਨੇ ਇੱਕ ਗਲਤੀ ਨੂੰ ਸੁਧਾਰਨ ਲਈ ਪ੍ਰਬੰਧਕੀ ਜੁਰਮਾਨੇ ਨੂੰ 9,000.00 ਡਾਲਰ ਤੋਂ ਘਟਾ ਕੇ 8,000.00 ਡਾਲਰ ਕੀਤਾ। ਇਸ ਤੋਂ ਇਲਾਵਾ, ਲੋੜੀਂਦੇ ਪੇਰੋਲ ਆਡਿਟ ਨੂੰ ਪੂਰਾ ਕਰਨ ਦੀ ਸਮਾਂ ਸੀਮਾ 15 ਦਸੰਬਰ, 2025 ਤੱਕ ਵਧਾ ਦਿੱਤੀ ਗਈ।

### ਪਰੋਵਿਨਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 35/2025) [ਰੀਕਨਸਿਡਰੇਸ਼ਨ]

ਕਮਿਸ਼ਨਰ ਨੇ ਮੂਲ 4,500.00 ਡਾਲਰ ਦੇ ਜੁਰਮਾਨੇ ਨੂੰ ਬਰਕਰਾਰ ਰੱਖਿਆ ਕਿਉਂਕਿ ਸ਼ੁਰੂਆਤੀ ਫ਼ੈਸਲੇ ਨੂੰ ਬਦਲਣ ਦਾ ਕੋਈ ਆਧਾਰ ਨਹੀਂ ਸੀ। ਲਾਈਸੈਂਸੀ ਨੂੰ ਪੇਰੋਲ ਆਡਿਟ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਚੁੱਕੇ ਗਏ ਕਦਮਾਂ ਦੇ ਸਬੂਤ ਪੇਸ਼ ਕਰਨ ਲਈ 15 ਦਸੰਬਰ, 2025 ਤੱਕ ਦਾ ਸਮਾਂ ਵਧਾ ਕੇ ਦਿੱਤਾ ਗਿਆ।

### ਟਰੈਜ਼ ਬੀ ਸੀ ਫ਼ਰੇਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 35/2025) [ਰੀਕਨਸਿਡਰੇਸ਼ਨ]

ਇਸ ਪੁਨਰ ਵਿਚਾਰ ਵਿੱਚ, ਕਮਿਸ਼ਨਰ ਨੇ ਰਿਕਾਰਡ ਪੇਸ਼ ਕਰਨ ਵਿੱਚ ਅਸਫ਼ਲ ਰਹਿਣ ਕਾਰਨ ਟਰੈਜ਼ ਬੀ ਸੀ ਫ਼ਰੇਟ ਲਿਮਿਟਿਡ ਵਿਰੁੱਧ ਲਗਾਏ ਗਏ ਮੂਲ 3,000.00 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਨੂੰ ਬਰਕਰਾਰ ਰੱਖਿਆ ਅਤੇ ਉਹਨਾਂ ਦੀ ਪੁਨਰ ਵਿਚਾਰ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ।

### ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ - ਪਾਲਣਾ ਕਰਨ ਦਾ ਆਦੇਸ਼

ਪਰੂਡੈਂਸ਼ੀਅਲ ਟਰਾਂਸਪੋਰਟੇਸ਼ਨ ਲਿਮਿਟਿਡ ਨੂੰ ਉਹ ਮੰਗੀ ਗਈ ਜਾਣਕਾਰੀ ਅਤੇ ਦਸਤਾਵੇਜ਼ ਪ੍ਰਦਾਨ ਕਰਨ ਦਾ ਹੁਕਮ ਦਿੱਤਾ ਗਿਆ, ਜੋ ਉਹ ਇੱਕ ਜਾਂਚ ਦੌਰਾਨ ਦੇਣ ਵਿੱਚ ਅਸਫ਼ਲ ਰਹੇ ਸਨ।

### ਏ ਸੀ ਟਰਾਂਸਪੋਰਟ ਲਿਮਿਟਿਡ ਅਤੇ ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. - ਪਾਲਣਾ ਕਰਨ ਦਾ ਆਦੇਸ਼

ਏ ਸੀ ਟਰਾਂਸਪੋਰਟ ਲਿਮਿਟਿਡ ਅਤੇ ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. ਨੂੰ ਡਰਾਈਵਰਾਂ ਨੂੰ ਲੋੜੀਂਦੇ ਸਮੇਂ ਅੰਦਰ ਭੁਗਤਾਨ ਕਰਨ ਵਿੱਚ ਅਸਫ਼ਲ ਰਹਿਣ ਤੋਂ ਬਾਅਦ, ਆਪਣੇ ਪੇਰੋਲ ਅਭਿਆਸਾਂ ਵਿੱਚ ਸੁਧਾਰ ਕਰ ਕੇ ਉਹਨਾਂ ਨੂੰ ਨਿਯਮਾਂ ਅਨੁਸਾਰ ਲਾਗੂ ਕਰਨ ਦਾ ਹੁਕਮ ਦਿੱਤਾ ਗਿਆ। ਇਸ ਦੇ ਨਾਲ ਹੀ ਉਹਨਾਂ ਨੂੰ ਹੁਕਮ ਵਿੱਚ ਨਿਰਧਾਰਤ ਕੀਤੀ ਗਈ ਸਮਾਂ ਸੀਮਾ ਦੇ ਅੰਦਰ ਭੁਗਤਾਨ ਦੇ ਸਬੂਤ ਅਤੇ ਨਿਯਮਾਂ ਦੀ ਪਾਲਣਾ ਦੇ ਸਬੂਤ ਪੇਸ਼ ਕਰਨ ਲਈ ਵੀ ਕਿਹਾ ਗਿਆ।

### ਰਾਈਡਵੇ ਟਰਾਂਸਪੋਰਟ ਲਿਮਿਟਿਡ - ਪਾਲਣਾ ਕਰਨ ਦਾ ਆਦੇਸ਼

ਰਾਈਡਵੇ ਟਰਾਂਸਪੋਰਟ ਲਿਮਿਟਿਡ ਨੂੰ ਵਧਾਈ ਗਈ ਸਮਾਂ ਸੀਮਾ ਤੱਕ ਪੇਰੋਲ ਦਸਤਾਵੇਜ਼ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣ ਤੋਂ ਬਾਅਦ, ਮੰਗੇ ਗਏ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ।

### ਲਾਲੀ ਬ੍ਰਦਰਜ਼ ਹੋਲਡਿੰਗ ਲਿਮਿਟਿਡ - ਪਾਲਣਾ ਕਰਨ ਦਾ ਆਦੇਸ਼

ਲਾਲੀ ਬ੍ਰਦਰਜ਼ ਹੋਲਡਿੰਗ ਲਿਮਿਟਿਡ ਨੂੰ ਇੱਕ ਜਾਂਚ ਦੌਰਾਨ ਲੋੜੀਂਦੇ ਦਸਤਾਵੇਜ਼ ਪ੍ਰਦਾਨ ਕਰਨ ਵਿੱਚ ਅਸਫ਼ਲ ਰਹਿਣ ਤੋਂ ਬਾਅਦ, ਮੰਗੇ ਗਏ ਪੇਰੋਲ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ।

ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ

# ਕੀ ਤੁਸੀਂ ਜਾਣਦੇ ਹੋ?

## ਸ਼ਿਕਾਇਤਾਂ ਦੀ ਪ੍ਰਾਪਤੀ ਸਿਰਫ਼ ਕੌਨਫ਼ਿਡੈਂਸਲਾਈਨ ਰਾਹੀ

ਸ਼ਿਕਾਇਤਾਂ ਦੀ ਪ੍ਰਾਪਤੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਇੱਕ ਸੁਰੱਖਿਅਤ ਅਤੇ ਗੁਪਤ ਰਿਪੋਰਟਿੰਗ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ, ੳ ਬੀ ਸੀ ਸੀ ਟੀ ਸੀ ਸਾਰੇ ਸਟੇਕਹੋਲਡਰਾਂ ਨੂੰ ਯਾਦ ਦਿਵਾਉਂਦਾ ਹੈ ਕਿ ਸਾਰੀਆਂ ਸ਼ਿਕਾਇਤਾਂ ਵਿਸ਼ੇਸ਼ ਤੌਰ 'ਤੇ ਸਿਰਫ਼ ਕੌਨਫ਼ਿਡੈਂਸਲਾਈਨ ਰਾਹੀ ਹੀ ਸਵੀਕਾਰ ਕੀਤੀਆਂ ਜਾਂਣਗੀਆਂ। ੳ ਬੀ ਸੀ ਸੀ ਟੀ ਸੀ ਹੁਣ ਈਮੇਲ ਰਾਹੀ ਸ਼ਿਕਾਇਤਾਂ ਸਵੀਕਾਰ ਨਹੀਂ ਕਰੇਗਾ ਅਤੇ ਨਾ ਹੀ ਈਮੇਲ ਰਾਹੀ ਜਮਹਾਂ ਕਰਵਾਈਆਂ ਗਈਆਂ ਸ਼ਿਕਾਇਤਾਂ ਬਾਰੇ ਕੋਈ ਅਪਡੇਟ ਪ੍ਰਦਾਨ ਕਰੇਗਾ। ਇਹ ਪ੍ਰਣਾਲੀ ਵਿਸਲਬਲੋਇੰਗ ਪ੍ਰਕਿਰਿਆ ਦੀ ਇਮਾਨਦਾਰੀ ਨੂੰ ਵਧਾਉਣ ਲਈ ਬਣਾਈ ਗਈ ਹੈ, ਜੋ ਕਿ ਨਿਯਮਾਂ ਦੀ ਉਲੰਘਣਾ ਅਤੇ ਨਿਯੰਤਰਿਤ ਰੇਟਾਂ ਦੀਆਂ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ ਇੱਕ ਬਹੁਭਾਸ਼ਾਈ ਪਲੈਟਫ਼ਾਰਮ ਪ੍ਰਦਾਨ ਕਰਦੀ ਹੈ।

ਕੌਨਫ਼ਿਡੈਂਸਲਾਈਨ ਦੀ ਵਰਤੋਂ ਇੱਥੇ ਕਰੋ

## ਲਾਗੂਕਰਨ ਦੀ ਕਾਰਵਾਈ: ਡਰਾਈਵਰਾਂ ਦੀਆਂ ਤਨਖਾਹਾਂ ਦੀ ਸੁਰੱਖਿਆ

ਪਾਲਣਾ ਨੂੰ ਯਕੀਨੀ ਬਣਾਉਣ ਦੀ ੳ ਬੀ ਸੀ ਸੀ ਟੀ ਸੀ ਦੀ ਵਚਨਬੱਧਤਾ ਮਜ਼ਬੂਤ ਲਾਗੂਕਰਨ ਵਾਲੀਆਂ ਕਾਰਵਾਈਆਂ ਨਾਲ ਸਮਰਥਿਤ ਹੈ। ਜਦੋਂ ਇੱਕ ਸਾਬਕਾ ਲਾਈਸੈਂਸੀ ਆਪਣੇ ਡਰਾਈਵਰਾਂ ਨੂੰ ਤਨਖਾਹ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ, ਅਸੀ ਤੁਰੰਤ ਕਾਰਵਾਈ ਕਰਦੇ ਹੋਏ ਉਹਨਾਂ ਦਾ ਸਿਕਿਊਰਟੀ ਬਾਂਡ ਖੋਲਿਆ ਤਾਂ ਜੋ ਡਰਾਈਵਰਾਂ ਦੀ ਮਿਹਨਤ ਦੀ ਕਮਾਈ ਉਹਨਾਂ ਨੂੰ ਦੁਆਈ ਜਾ ਸਕੇ। ਇਹ ਯਾਦ ਦੁਵਾਓਂਦਾ ਹੈ ਕਿ ਲਾਈਸੈਂਸੀਸ ਨੂੰ ਜਵਾਬਦੇਹ ਠਹਿਰਾਉਣ ਲਈ ਨਿਯਮਕ ਸੰਦ ਮੌਜੂਦ ਹਨ ਅਤੇ ਨਿਯਮਾਂ ਦੀ ਉਲੰਘਣਾ ਦੇ ਅਸਲ ਨਤੀਜੇ ਹੁੰਦੇ ਹਨ। ਅਸੀ ਉਦਯੋਗ ਦੀ ਨਜ਼ਦੀਕੀ ਨਿਗਰਾਨੀ ਕਰਨ ਲਈ ਵਚਨਬੱਧ ਰਹਿੰਦੇ ਹਾਂ ਤਾਂ ਜੋ ਹਰ ਡਰਾਈਵਰ ਦੀ ਰੱਖਿਆ ਉਹਨਾਂ ਮਿਆਰਾਂ ਦੁਆਰਾ ਕੀਤੀ ਜਾਵੇ ਜੋ ਅਸੀ ਲਾਗੂ ਕਰਦੇ ਹਾਂ।



ਕਮਿਸ਼ਨਰ ਗਲੈੱਨ ਮੈਕਇੰਨਸ ਅਜਿਹੇ ਦੋ ਡਰਾਈਵਰਾਂ ਨਾਲ ਜਿਹਨਾਂ ਨੂੰ ਉਹਨਾਂ ਦੀਆਂ ਬਕਾਇਆ ਤਨਖ਼ਾਹਾਂ ਵਾਪਸ ਮਿਲੀਆਂ।


OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca